Punjabi | ਪੰਜਾਬੀ

# My Career Insights

## ਤੁਹਾਡੇ ਬੱਚੇ ਲਈ ਖਾਸ ਤੌਰ 'ਤੇ ਤਿਆਰ ਕਰੀਅਰ ਮਾਰਗਦਰਸ਼ਨ

## ਹਿੱਸਾ ਲੈਣ ਲਈ ਸਹਿਮਤੀ

ਸਰਕਾਰੀ ਸਕੂਲਾਂ ਵਿੱਚ ਜਮਾਤ 9 ਦੇ ਸਾਰੇ ਵਿਦਿਆਰਥੀਆਂ ਦੁਆਰਾ My Career Insights ਪ੍ਰੋਗਰਾਮ ਤੱਕ ਪਹੁੰਚ ਪ੍ਰਾਪਤ ਕਰਨ1ਲਈ ਸਿੱਖਿਆ ਵਿਭਾਗ ਨੇ Australian Centre for Career Education (ACCE - ਆਸਟ੍ਰੇਲੀਅਨ ਸੈਂਟਰ ਫਾਰ ਕੈਰੀਅਰ ਐਜੂਕੇਸ਼ਨ) ਦੇ ਨਾਲ ਸਮਝੌਤਾ ਕੀਤਾ ਹੈ।

### My Career Insights ਦੁਆਰਾ ਹੇਠ ਲਿਖੇ ਤਰੀਕਿਆਂ ਨਾਲ ਤੁਹਾਡੇ ਬੱਚੇ ਦੀ ਮਦਦ ਕੀਤੀ ਜਾਵੇਗੀ:

- ਇਹ ਸਮਝਣ ਵਿੱਚ ਕਿ ਉਹ ਆਪਣੇ ਕਰੀਅਰ ਵਿੱਚ ਕਿਹੜੇ ਹੁਨਰ ਅਤੇ ਯੋਗਤਾਵਾਂ ਨੂੰ ਸ਼ਾਮਲ ਕਰ ਸਕਦੇ ਹਨ।
- ਇਹ ਪਤਾ ਲਗਾਉਣ ਵਿੱਚ ਕਿ ਕਿਹੜੀਆਂ ਨੌਕਰੀਆਂ ਉਹਨਾਂ ਦੀਆਂ ਯੋਗਤਾਵਾਂ, ਦਿਲਚਸਪੀਆਂ ਅਤੇ ਸ਼ਖਸੀਅਤ ਨਾਲ ਮਿਲਦੀਆਂ ਹਨ, ਅਤੇ ਉਹਨਾਂ ਨੌਕਰੀਆਂ ਲਈ ਉਹਨਾਂ ਨੂੰ ਕਿਹੜੇ ਵਿਸ਼ਿਆਂ ਦੀ ਲੋੜ ਹੋਵੇਗੀ।

### My Career Insights ਪ੍ਰੋਗਰਾਮ ਦੇ ਹਿੱਸੇ ਵਜੋਂ, ਤੁਹਾਡਾ ਬੱਚਾ ਹੇਠ ਦੱਸਿਆ ਚੀਜ਼ਾਂ ਕਰੇਗਾ:

- ਸਕੂਲ ਵਿੱਚ Morrisby ਵੈੱਬਸਾਈਟ 'ਤੇ ਜਾਕੇ ਔਨਲਾਈਨ ਸਵਾਲਾਂ ਅਤੇ ਕਵਿਜ਼ਾਂ ਨੂੰ ਪੂਰਾ ਕਰਨਾ (ਜੇਕਰ ਇਹ ਸਕੂਲ ਵਿੱਚ ਪੂਰਾ ਨਹੀਂ ਕੀਤਾ ਜਾ ਸਕਦਾ ਹੈ ਤਾਂ ਘਰ ਵਿੱਚ ਜਾਕੇ ਇਸਨੂੰ ਪੂਰਾ ਕਰਨਾ)।
- ਸਵਾਲਾਂ ਅਤੇ ਕਵਿਜ਼ਾਂ ਦੇ ਨਤੀਜਿਆਂ ਨੂੰ ਦਰਸਾਉਂਦੀ Morrisby ਪ੍ਰੋਫਾਈਲ ਰਿਪੋਰਟ ਪ੍ਰਾਪਤ ਕਰਨਾ ਜਿਸ ਰਾਹੀਂ ਉਹਨਾਂ ਦੀਆਂ ਵਿਅਕਤੀਗਤ ਤਾਕਤਾਂ ਅਤੇ ਦਿਲਚਸਪੀਆਂ ਦਾ ਸਾਰ ਅਤੇ ਸੰਬੰਧਿਤ ਕਰੀਅਰ ਮਾਰਗਾਂ ਅਤੇ ਅਧਿਐਨ ਦੇ ਵਿਕਲਪਾਂ ਬਾਰੇ ਸੁਝਾਅ ਮਿਲਦਾ ਹੈ।
- ਰਿਪੋਰਟ ਨੂੰ ਸਮਝਣ ਲਈ Morrisby ਸਿਖਿਅਤ ਪੇਸ਼ੇਵਰ ਕਰੀਅਰ ਪ੍ਰੈਕਟੀਸ਼ਨਰ ਨਾਲ 30 ਮਿੰਟ ਦੀ ਮੀਟਿੰਗ ਵਿਚ ਸ਼ਾਮਲ ਹੋਣਾ। ਤੁਸੀਂ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋ ਸਕਦੇ ਹੋ। ਜੇਕਰ ਤੁਹਾਨੂੰ ਟੈਲੀਫੋਨ ਦੁਭਾਸ਼ੀਏ ਸੇਵਾ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਕੂਲ ਨੂੰ ਇਸ ਬਾਰੇ ਦੱਸੋ।

ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ:
**vic.gov.au/my-career-insights**

## ਮਹੱਤਵਪੂਰਨ ਗੋਪਨੀਯਤਾ ਜਾਣਕਾਰੀ:

ACCE (ਜਾਂ ਉਹਨਾਂ ਦੇ ਕੰਸੋਰਟੀਆ ਪਾਰਟਨਰ, Career Analysts Pty Ltd) ਦੁਆਰਾ ਇਕੱਠੀ ਕੀਤੀ ਗਈ ਵਿਦਿਆਰਥੀ ਜਾਣਕਾਰੀ ਦਾ ਪ੍ਰਬੰਧਨ ਗੋਪਨੀਯਤਾ ਅਤੇ ਡੇਟਾ ਸੁਰੱਖਿਆ ਐਕਟ 2014 (Vic), ਹੈਲਥ ਰਿਕਾਰਡਜ਼ ਐਕਟ 2001 (Vic), ਪਬਲਿਕ ਰਿਕਾਰਡ ਐਕਟ 1973 (Vic), ਆਸਟ੍ਰੇਲੀਅਨ ਪ੍ਰਾਈਵੇਸੀ ਐਕਟ ਅਤੇ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਰੈਗੂਲੇਸ਼ਨ (EU) 2016/679) ਦੇ ਅਨੁਸਾਰ ਕੀਤਾ ਜਾਵੇਗਾ।

ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿ ਸਿੱਖਿਆ ਵਿਭਾਗ ਦੁਆਰਾ ਪਹੁੰਚ, ਸੁਧਾਰ ਅਤੇ ਸ਼ਿਕਾਇਤਾਂ ਸਮੇਤ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਤਰ ਕੀਤਾ ਜਾਂਦਾ ਹੈ ਅਤੇ ਸੰਭਾਲਿਆ ਜਾਂਦਾ ਹੈ, ਇੱਥੇ ਜਾਓ: ਸਕੂਲ ਦੀ ਗੋਪਨੀਯਤਾ ਨੀਤੀ **education.vic.gov.au**

ACCE ਦੁਆਰਾ ਤੁਹਾਡੇ ਬੱਚੇ ਦੇ ਡੇਟਾ ਨੂੰ ਭੌਤਿਕ ਡਿਵਾਈਸਾਂ ਜਾਂ ਕਲਾਉਡ ਸੇਵਾਵਾਂ ਵਿੱਚ ਸਟੋਰ ਕੀਤਾ ਜਾਂਦਾ ਹੈ। ਇਹ ਆਸਟ੍ਰੇਲੀਆ ਦੱਖਣ-ਪੂਰਬੀ ਖੇਤਰ ਜਾਂ ਯੂਰਪੀਅਨ ਆਰਥਿਕ ਖੇਤਰ ਦੇ ਅੰਦਰ ਸਥਿਤ ਹਨ।

ਵਿਭਾਗੀ ਸਟਾਫ਼ ਨੂੰ ਖੋਜ ਅਤੇ ਯੋਜਨਾ ਦੇ ਉਦੇਸ਼ਾਂ ਵਾਸਤੇ ਪਛਾਣ ਰਹਿਤ ਜਾਣਕਾਰੀ ਉਪਲਬਧ ਕਰਵਾਈ ਜਾਵੇਗੀ।

ਵਿਦਿਆਰਥੀ ਆਪਣੇ ਲੌਗਇਨ ਵੇਰਵਿਆਂ ਦੀ ਵਰਤੋਂ ਕਰਕੇ Morrisby ਪ੍ਰੋਫਾਈਲ ਵੈੱਬਸਾਈਟ (**https://app.morrisby.com/**) ਰਾਹੀਂ ਆਪਣੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ। ਵਿਦਿਆਰਥੀਆਂ ਕੋਲ ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ, ਜਾਂ ਇਸ ਵਿੱਚ ਸੁਧਾਰ ਕਰਨ ਦਾ ਅਧਿਕਾਰ ਹੈ। ਵਿਦਿਆਰਥੀ ਆਪਣੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਲਈ ਅਤੇ ਇਸ ਵਿੱਚ ਸੁਧਾਰ ਲਈ **support@ceav.vic.edu.au** 'ਤੇ ਸੰਪਰਕ ਕਰਕੇ ਬੇਨਤੀ ਕਰ ਸਕਦੇ ਹਨ।

THE EDUCATION STATE | VICTORIA State Government | Department of Education | Australian Centre for Career Education | Morrisby

## ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, ਤੁਹਾਡੇ ਕੋਲ ਚੁਣਨ ਲਈ ਤਿੰਨ ਵਿਕਲਪ ਹਨ। ਤੁਹਾਡੀ ਚੋਣ ਤੁਹਾਡੇ ਬੱਚੇ ਦੁਆਰਾ Morrisby ਦੀ ਵਰਤੋਂ ਨੂੰ ਪ੍ਰਭਾਵਤ ਕਰੇਗੀ:

## ਵਿਕਲਪ 1: ਔਪਟ-ਇਨ (ਸ਼ਾਮਲ ਹੋਣ ਦੀ ਚੋਣ ਕਰਨਾ)

| | | | |
|---|---|---|---|
| **ਮੈਂ ਆਪਣੀ ਸਹਿਮਤੀ ਦਿੰਦਾ/ਦਿੰਦੀ ਹਾਂ ਕਿ:**<br>(ਬੱਚੇ ਦਾ ਨਾਮ) | | | |
| Morrisby ਪ੍ਰੋਫਾਈਲ ਅਤੇ ਫਾਲੋ-ਅੱਪ ਮੀਟਿੰਗ ਨੂੰ ਪੂਰਾ ਕਰੇ। ਹਸਤਾਖਰ ਕਰਕੇ, ਤੁਹਾਡੇ ਦੁਆਰਾ ਇਸ ਸਹਿਮਤੀ ਫਾਰਮ ਨੂੰ ਪੜ੍ਹਣ ਦੀ ਅਤੇ ਆਪਣੇ ਬੱਚੇ ਦੀ ਨਿੱਜੀ ਅਤੇ ਸਿਹਤ ਜਾਣਕਾਰੀ ਇਕੱਠੀ ਕਰਨ ਦੀ ਸਹਿਮਤੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿੱਚ ਤੁਹਾਡੇ ਬੱਚੇ ਦੀ ਪ੍ਰੋਫ਼ਾਈਲ ਨੂੰ ਪੂਰਾ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰਨ ਵਾਲੀ ਤੁਹਾਡੇ ਬੱਚੇ ਦੀ ਅਪਾਹਜਤਾ ਸਥਿਤੀ ਜਾਂ ਹੋਰ ਕਾਰਕਾਂ ਨਾਲ ਸਬੰਧਤ ਜਾਣਕਾਰੀ ਸ਼ਾਮਲ ਹੋ ਸਕਦੀ ਹੈ। | | | |
| **ਮਾਤਾ-ਪਿਤਾ/ਸਰਪ੍ਰਸਤ ਦਾ ਪੂਰਾ ਨਾਮ:** | | | |
| **ਮਾਤਾ-ਪਿਤਾ/ਸਰਪ੍ਰਸਤ ਦੇ ਹਸਤਾਖ਼ਰ:** | | **ਮਿਤੀ** | / / |
| **ਵਿਦਿਆਰਥੀ ਦੀ ਕਲਾਸ (ਜੇਕਰ ਪਤਾ ਹੋਵੇ):** | | | |

## ਵਿਕਲਪ 2: ਕੋਈ ਜਵਾਬ ਨਹੀਂ

ਜੇਕਰ ਸਾਨੂੰ ਤੁਹਾਡੇ ਵਜੋਂ ਕੋਈ ਜਵਾਬ ਨਹੀਂ ਮਿਲਦਾ ਹੈ, ਤਾਂ ਤੁਹਾਡੇ ਬੱਚੇ ਨੂੰ ਸਿਰਫ਼ Morrisby ਕਰੀਅਰਜ਼ ਤੱਕ ਹੀ ਪਹੁੰਚ ਪ੍ਰਾਪਤ ਹੋਵੇਗੀ। Morrisby ਕਰੀਅਰਜ਼ Morrisby ਪ੍ਰੋਫ਼ਾਈਲ ਦਾ ਸੋਧਿਤ ਸੰਸਕਰਣ ਹੈ ਜੋ ਤੁਹਾਡੇ ਬੱਚੇ ਨੂੰ ਆਪਣਿਆਂ ਰੁਚੀਆਂ, ਤਰਜੀਹਾਂ ਅਤੇ ਕੰਮ ਦੀਆਂ ਸ਼ੈਲੀਆਂ 'ਤੇ ਵਿਚਾਰ ਕਰਨ ਲਈ ਕਹਿੰਦਾ ਹੈ। ਇਹ ਤੁਹਾਡੇ ਬੱਚੇ ਨੂੰ ਆਪਣਾ ਪੂਰਾ ਨਾਮ, ਈਮੇਲ ਪਤਾ, ਜਨਮ ਮਿਤੀ ਅਤੇ ਸਕੂਲ ਦਾ ਨਾਮ ਪ੍ਰਦਾਨ ਕਰਨ ਲਈ ਕਹੇਗਾ। ਅਪਾਹਜਤਾ ਸਥਿਤੀ ਸਮੇਤ ਕੋਈ ਵੀ ਸਿਹਤ ਜਾਣਕਾਰੀ ਇਕੱਠੀ ਨਹੀਂ ਕੀਤੀ ਜਾਵੇਗੀ। ਇਸਨੂੰ ਪੂਰਾ ਕਰਨ 'ਤੇ ਤੁਹਾਡੇ ਬੱਚੇ ਕੋਲ ਕਰੀਅਰ ਅਤੇ ਵਿਸ਼ੇ ਦੇ ਸਾਰੇ ਸਰੋਤਾਂ ਅਤੇ ਸੁਝਾਵਾਂ ਦੇ ਨਾਲ ਯੋਗਤਾ ਪ੍ਰਾਪਤ ਕਰੀਅਰ ਸਲਾਹਕਾਰ ਨਾਲ ਮੁਫਤ ਮੀਟਿੰਗ ਦੀ ਪਹੁੰਚ ਵੀ ਪ੍ਰਾਪਤ ਹੋਵੇਗੀ। ਇਹ ਤੁਹਾਡੇ ਬੱਚੇ ਦੇ ਸਕੂਲੀ ਕਰੀਅਰ ਸਿੱਖਿਆ ਪ੍ਰੋਗਰਾਮਾਂ ਅਤੇ ਕਰੀਅਰ ਕਾਰਜ ਯੋਜਨਾ ਦੀ ਜਾਣਕਾਰੀ ਦੇਣ ਵਿੱਚ ਮਦਦ ਕਰੇਗਾ। ਹਾਲਾਂਕਿ, ਇਹ ਸੋਧਿਤ ਸੰਸਕਰਣ ਤੁਹਾਡੇ ਬੱਚੇ ਦੀਆਂ ਯੋਗਤਾਵਾਂ ਦਾ ਮੁਲਾਂਕਣ ਕਰਨ ਦੇ ਯੋਗ ਨਹੀਂ ਹੋਵੇਗਾ, ਜੋਕਿ ਤੁਹਾਡੇ ਬੱਚੇ ਦੀਆਂ ਤਾਕਤਾਂ ਅਤੇ ਸਮਰੱਥਾਵਾਂ ਨੂੰ ਹੋਰ ਵਿਸਤ੍ਰਿਤ ਤਰੀਕੇ ਨਾਲ ਸਮਝਣ ਲਈ ਉਪਯੋਗੀ ਹੋ ਸਕਦਾ ਹੈ।

ਤੁਹਾਡੇ ਬੱਚੇ ਦੇ 18 ਸਾਲ ਦੇ ਹੋਣ 'ਤੇ, ਜਾਂ ਜਦੋਂ ਮਾਤਾ-ਪਿਤਾ ਦੁਆਰਾ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਯੋਗਤਾ ਪ੍ਰਸ਼ਨਾਵਲੀ ਸਮੇਤ ਪੂਰੀ ਪ੍ਰੋਫ਼ਾਈਲਿੰਗ, ਉਹਨਾਂ ਵਾਸਤੇ ਉਪਲਬਧ ਹੋ ਜਾਵੇਗੀ।

## ਵਿਕਲਪ 3: ਔਪਟ-ਆਊਟ (ਸ਼ਾਮਲ ਹੋਣ ਦੀ ਚੋਣ ਨਾਂ ਕਰਨਾ)

| | | | |
|---|---|---|---|
| **ਮੈਂ ਸਹਿਮਤੀ ਨਹੀਂ ਦਿੰਦਾ/ਦਿੰਦੀ ਹਾਂ ਕਿ:**<br>(ਬੱਚੇ ਦਾ ਨਾਮ) | | | |
| Morrisby ਪ੍ਰੋਫ਼ਾਈਲ ਅਤੇ ਫਾਲੋ-ਅੱਪ ਮੀਟਿੰਗ ਨੂੰ ਪੂਰਾ ਕਰੇ। | | | |
| **ਮਾਤਾ-ਪਿਤਾ/ਸਰਪ੍ਰਸਤ ਦਾ ਪੂਰਾ ਨਾਮ:** | | | |
| **ਮਾਤਾ-ਪਿਤਾ/ਸਰਪ੍ਰਸਤ ਦੇ ਹਸਤਾਖ਼ਰ:** | | **ਮਿਤੀ** | / / |
| ਜੇਕਰ ਤੁਸੀਂ ਵਿਕਲਪ 3 ਚੁਣਦੇ ਹੋ, ਤਾਂ ਤੁਹਾਡੇ ਬੱਚੇ ਨੂੰ Morrisby ਤੱਕ ਮੁਫ਼ਤ ਪਹੁੰਚ ਪ੍ਰਾਪਤ ਨਹੀਂ ਹੋਵੇਗੀ।<br>ਜੇਕਰ ਭਵਿੱਖ ਵਿੱਚ ਪਹੁੰਚ ਦੀ ਬੇਨਤੀ ਕੀਤੀ ਜਾਂਦੀ ਹੈ, ਤਾਂ ਇਹ ਪੂਰੀ ਪ੍ਰੋਗਰਾਮ ਦੀ ਲਾਗਤ 'ਤੇ ਦਿੱਤੀ ਜਾਵੇਗੀ। | | | |

Morrisby ਬਾਰੇ ਹੋਰ ਜਾਣਕਾਰੀ ਲਈ: **morrisby.com/morrisby-profile** ਤੇ ਜਾਓ

THE EDUCATION STATE | VICTORIA State Government | Department of Education | Australian Centre for Career Education | Morrisby